## ਸ਼ੇਖ ਫ਼ਰੀਦ - ਸਬਦ ੧੬

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ੀ ਤੂ ਜਣਿਓਹਿ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੧੩॥

ਸਾਰ: ਯੂਨਾਨੀ ਕਥਾਤਮਕ ਪੰਛੀ ਫੀਨਿਕਸ ਤੋਂ ਪ੍ਰੇਰਿਤ ਸ਼ਬਦਾਵਲੀ ਪੁਨਰ ਸੁਰਜੀਤੀ ਪ੍ਰਭਾਵ ਨਾਸ ਦੇ ਰਾਹੀਂ ਰੁਪਾਂਤ੍ਰਣ ਦੀ ਉਸ ਸ਼ਕਤੀ ਨੂੰ ਦਰਸਾਉਂਦਾ ਹੈ ਜੋ ਨਵੀਂ ਸ਼ੁਰੂਆਤ ਵੱਲ ਲੈ ਜਾਂਦੀ ਹੈ। ਇਹ ਧਾਰਣਾ ਉਸ ਕਥਾਤਮਕ ਪੰਛੀ ਤੋਂ ਪ੍ਰੇਰਿਤ ਹੈ, ਜੋ ਆਪਣੀ ਰਾਖ ਵਿਚੋਂ ਦੁਬਾਰਾ ਜਨਮ ਲੈਂਦਾ ਹੈ। ਇਹ ਭਾਵ ਸੰਕਟਮਈ ਸਮੇਂ ਵਿਚੋਂ ਉੱਪਜੀ ਤਾਕਤ ਅਤੇ ਹਾਰਾਂ ਰਾਹੀਂ ਮਿਲੀ ਸਪਸ਼ਟਤਾ ਦਾ ਪ੍ਰਤੀਕ ਹੈ। ਜਦੋਂ ਸਾਡੇ ਮਾਪੇ, ਜਿਨ੍ਹਾਂ ਸਾਨੂੰ ਜਨਮ ਦੇ ਪਾਲਿਆ-ਪੋਸ਼ਿਆ ਹੁੰਦਾ ਹੈ, ਹੌਲੀ-ਹੌਲੀ ਸਾਡੀ ਜ਼ਿੰਦਗੀ ਤੋਂ ਦੂਰ ਹੋਣ ਲੱਗਦੇ ਹਨ, ਤਾਂ ਸਥਿਰਤਾ ਦਾ ਭਰਮ ਟੁੱਟ ਜਾਂਦਾ ਹੈ ਅਤੇ ਸਾਡਾ ਆਪਣੇ ਅੰਤ ਦਾ ਸੱਚ ਸਾਡੇ ਸਾਹਮਣੇ ਆ ਖਲੋਂਦਾਂ ਹੈ। ਇਹ ਅਨੁਭਵ ਜੋ ਪਹਿਲਾਂ ਦੂਰ ਦਾ ਸੰਦਰਭ ਜਾਪਦਾ ਸੀ, ਉਹ ਇਕਦਮ ਕੋਲ ਖੜ੍ਹੀ ਹਕੀਕਤ ਬਣ ਜਾਂਦਾ ਹੈ। ਇਹ ਤਜ਼ੁਰਬਾ ਜੀਵਨ ਬਾਰੇ ਦੋ ਪੱਖੀ ਅਹਿਸਾਸ ਕਰਵਾਉਂਦਾ ਹੈ, ਜਿਸ ਵਿਚ ਨਾਜ਼ੁਕਤਾ ਅਤੇ ਦੁਰਲਭਤਾ ਦਾ ਸੁਮੇਲ ਹੁੰਦਾ ਹੈ। ਉਹਨਾਂ ਪੀੜ੍ਹੀ ਦਰ ਪੀੜ੍ਹੀ ਵਗਦੀਆਂ ਧਾਰਾਵਾਂ ਨੂੰ ਕਲਾਵੇ ਵਿਚ ਲੈ ਇਹ ਸਾਨੂੰ ਹਰ ਪਲ ਨੂੰ ਜ਼ਿੰਦਾਦਿਲੀ ਨਾਲ ਜੀਉਣ ਦੀ ਯਾਦ ਦਿਵਾਉਂਦੀਆਂ ਹਨ।

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ੀ ਤੂ ਜਣਿਓਹਿ ॥

ਫਰੀਦ ਪੁੱਛਦੇ ਹਨ ਕਿ ਤੁਹਾਡੇ ਮਾਪੇ ਕਿੱਥੇ ਹਨ, ਜਿਨ੍ਹਾਂ ਨੇ ਤੁਹਾਨੂੰ ਜਨਮ ਦਿੱਤਾ? ਇਹ ਪੁੱਛ ਪ੍ਰਤੀਤ ਇਸ ਹਕੀਕਤ ਨੂੰ ਹੋਰ ਗੰਭੀਰ ਕਰਦੀ ਹੈ ਕਿ ਜੇਕਰ ਸਾਡੇ ਸਿਰਜਣਹਾਰ ਅਤੇ ਪਾਲਣਹਾਰ ਵੀ ਅਲੋਪ ਹੋ ਜਾਂਦੇ ਹਨ, ਤਾਂ ਸਾਨੂੰ ਸਮੇਂ ਦੇ ਵਗਦੀ ਧਾਰਾ ਦੀ ਅਟੱਲਤਾ ਅਤੇ ਆਪਣੇ ਅੰਤ ਦਾ ਵੀ ਸਾਹਮਣਾ ਕਰਨਾ ਪਵੇਗਾ।

ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥

ਉਹ ਤੁਹਾਡਾ ਸਾਥ ਛੱਡ ਜਾ ਚੁੱਕੇ ਹਨ, ਪਰ ਤੁਸੀਂ ਇਸ ਹਕੀਕਤ ਤੋਂ ਅਜੇ ਵੀ ਅਭਿੱਜ ਹੋ। ਇਹ ਭਾਵ ਦਰਸਾਉਂਦਾ ਹੈ ਕਿ ਮਨ ਵਿਛੋੜਿਆਂ ਦਾ ਅਨੁਭਵ ਕਰਨ ਤੋਂ ਬਾਅਦ ਵੀ, ਅਸਥਿਰਤਾ ਨੂੰ ਸਵੀਕਾਰ ਕਰਨ ਵਿਚ ਕਿੰਨੀ ਔਖ ਮਹਿਸੂਸ ਕਰਦਾ ਹੈ। (੭੩)

**ਤੱਤ:** ਸ਼ੇਖ ਫ਼ਰੀਦ ਸਥਿਰਤਾ ਦੇ ਸੁਫ਼ਨੇ ਨਾਲ ਜੁੜੇ ਹੋਏ ਉਸ ਭਰਮ ਨੂੰ ਉਜਾਗਰ ਕਰਦੇ ਹਨ, ਜੋ ਸਾਨੂੰ ਇਹ ਧਰਵਾਸ ਦਿੰਦਾ ਹੈ ਕਿ ਸਾਡੇ ਕੋਲ ਹੁਣ ਜੋ ਕੁਝ ਵੀ ਹੈ, ਜਿਵੇਂ ਸਾਡੇ ਰਿਸ਼ਤੇ, ਸੁਖ-ਸਹੂਲਤਾਂ, ਸਿਹਤ, ਆਰਾਮ ਦੇ ਸਾਧਨ ਅਤੇ ਸਾਡੀ ਪਛਾਣ, ਉਹ ਉਸੇ ਰੂਪ ਵਿਚ ਸਾਡੇ ਕੋਲ ਰਹਿਣਗੇ। ਇਹ ਮਨੋਬਿਰਤੀ ਅਸਥਾਈਤਾ ਦੇ ਪਲਾਂ ਨੂੰ ਸਥਿਰਤਾ ਦੀ ਝੂਠੀ ਭਾਵਨਾ ਵਿਚ ਬਦਲ ਦਿੰਦੀ ਹੈ, ਜਿਸ ਨਾਲ ਅਸੀਂ ਅੰਤਰੀਵੀ ਵਿਕਾਸ ਲਈ ਲੋੜੀਂਦੇ ਕਾਰਜ਼ਾਂ ਨੂੰ ਮੁਲਤਵੀ ਕਰ ਦਿੰਦੇ ਹਾਂ। ਇਕ ਅਜਿਹੀ ਜੀਵਨ ਸ਼ੈਲੀ ਜਿਸ ਵਿਚ ਇਹ ਮਹਿਸੂਸ ਹੋਵੇ ਕਿ ਸਾਡੇ ਕੋਲ ਸਮੇਂ ਦੀ ਕਦੇ ਵੀ ਘਾਟ ਨਹੀਂ ਹੋਵੇਗੀ, ਅਸੀਂ ਵਰਤਮਾਨ ਵਿਚ ਜੋ ਅਸਲ ਰੂਪ ਵਿਚ ਮਾਇਨੇ ਰੱਖਦਾ ਹੈ, ਉਸ ਨੂੰ ਗਵਾ ਬੈਠਦੇ ਹਾਂ। ਇਸ ਤੱਥ ਨੂੰ ਜਾਣਨਾ ਅਤਿ ਜ਼ਰੂਰੀ ਹੈ ਕਿ ਬਦਲਾਵ ਕੁਦਰਤ ਦਾ ਅਟੱਲ ਨਿਯਮ ਹੈ, ਇਸ ਲਈ ਜਦ ਤੱਕ ਸਮਾਂ ਹੈ ਅਸੀਂ ਆਪਣੇ ਨਿੱਜੀ ਵਿਕਾਸ ਦੀ ਯਾਤਰਾ ਸ਼ੁਰੂ ਕਰੀਏ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**